# ਸੋਸਾਇਟੀ ਫਾਰ ਪ੍ਰੋਮੋਸ਼ਨ ਆਫ ਕੋਆਲਿਟੀ ਐਜੂਕੇਸ਼ਨ ਫਾਰ ਪੂਅਰ ਐਂਡ ਮੈਰੀਟੋਰੀਅਸ ਸਟੂਡੈਂਟਸ ਆਫ ਪੰਜਾਬ

ਪੰਜਵੀਂ ਮੰਜਿਲ, ਬਲਾਕ ਈ, ਵਿੱਦਿਆ ਭਵਨ (ਸਿੱਖਿਆ ਵਿਭਾਗ) ਫੇਜ਼-8, ਐਸ.ਏ.ਐਸ. ਨਗਰ (ਮੁਹਾਲੀ), ਪੰਜਾਬ

ਫੋਨ ਨੰ:- 0172-5212367, ਈਮੇਲ- meritorious.punjab@punjabeducation.gov.in


**ਮੀਮੋ ਨੰ.:-ਐਮ.ਐਸ./38477/301(A)/2023/283501** **ਮਿਤੀ:- 09/10/2023**

## ਜਨਤਕ ਸੂਚਨਾ

1.0 ਮੈਰੀਟੋਰੀਅਸ ਸੁਸਾਇਟੀ ਵੱਲੋਂ ਜਾਰੀ ਜਨਤਕ ਸੂਚਨਾ ਨੰ. MS/35477/341(B)/2023/281354 ਮਿਤੀ 06.10.2023 ਰਾਹੀਂ ਮੈਰੀਟੋਰੀਅਸ ਸਕੂਲਾਂ ਵਿੱਚ ਦਾਖਲੇ ਸਬੰਧੀ ਕਰਵਾਈ ਜਾਣ ਵਾਲੀ ਦੂਜੀ ਕਾਊਂਸਲਿੰਗ ਦਾ ਸ਼ਡਿਊਲ ਜਾਰੀ ਕੀਤਾ ਗਿਆ ਸੀ, ਇਸ ਦੀ ਲਗਾਤਾਰਤਾ ਵਿੱਚ ਸਮੂਹ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ, ਕਿ ਕੁਝ ਤਕਨੀਕੀ ਕਾਰਨਾਂ ਕਰਕੇ ਸ਼ਡਿਊਲ ਵਿੱਚ ਮਾਮੂਲੀ ਤਬਦੀਲੀ ਕੀਤੀ ਗਈ ਹੈ। ਨਵੇਂ ਸ਼ਡਿਊਲ ਦਾ ਵੇਰਵਾ ਨਿਮਨ ਅਨੁਸਾਰ ਹੈ:-

| ਲੜੀ ਨੰ. | ਮਿਤੀ | ਲੜਕੀਆਂ ਲਈ Schedule | ਲੜਕਿਆਂ ਲਈ Schedule | ਵਿਸ਼ੇਸ਼ ਟਿੱਪਣੀ |
|---|---|---|---|---|
| 1. | 10.10.2023 | ਲੜੀ ਨੰ. 1- 543 | ਲੜੀ ਨੰ. 1- 81 | ਉਮੀਦਵਾਰ ਆਪਣਾ ਆਧਾਰ ਕਾਰਡ, ਦਸਵੀਂ ਜਮਾਤ ਦਾ ਸਰਟੀਫਿਕੇਟ (ਡਿਜੀ ਲਾਕਰ ਤੋਂ ਡਾਊਨਲਾਊਡ ਸਰਟੀਫਿਕੇਟ valid ਹੋਵੇਗਾ) ਅਤੇ ਹੋਰ ਲੋੜੀਂਦੇ ਅਸਲ ਸਰਟੀਫਿਕੇਟ, ਜੋ ਸਮਰੱਥ ਅਧਿਕਾਰੀ ਤੋਂ ਜਾਰੀ/ ਹਸਤਾਖਰਿਤ ਹੋਣ ਅਤੇ ਫੋਟੋ ਕਾਪੀਆਂ ਨਾਲ ਲੈ ਕੇ ਆਉਣ। |
| 2. | 12.10.2023 | ਲੜੀ ਨੰ. 544-1430 | ਲੜੀ ਨੰ. 82-561 | |
| 3. | 13.10.2023 | ਲੜੀ ਨੰ. 1431-2317 | ਲੜੀ ਨੰ. 562-1040 | |

2.0 ਉਕਤ ਸਬੰਧੀ ਸਮੂਹ ਉਮੀਦਵਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜਿਹੜੇ ਵੀ ਉਮੀਦਵਾਰ ਮੈਰੀਟੋਰੀਅਸ ਸਕੂਲਾਂ ਵਿੱਚ ਦਾਖਲੇ ਸਬੰਧੀ ਤੈਅ ਸ਼ਡਿਊਲ ਅਨੁਸਾਰ ਕਾਊਂਸਲਿੰਗ ਵਿੱਚ ਹਾਜਰ ਹੋਣ ਲਈ ਆਉਣ, ਉਹ ਉਮੀਦਵਾਰ ਇਸ ਸਮੇਂ ਜਿਸ ਸਕੂਲ ਵਿੱਚ ਪੜ੍ਹਾਈ ਵਿੱਚ ਕਰ ਰਹੇ ਹਨ, ਉਸ ਸਕੂਲ ਦੇ ਪ੍ਰਿੰਸੀਪਲ ਵੱਲੋਂ ਸਕੂਲ ਦੇ ਲੈਟਰ-ਹੈੱਡ ਅਤੇ ਹਸਤਾਖਰ ਸਮੇਤ ਇਹ ਵੈਰੀਫਾਈ ਕਰਵਾ ਕੇ ਲਿਆਉਣ ਕਿ ਵਿਦਿਆਰਥੀ ਉਸ ਦੇ ਸਕੂਲ ਵਿੱਚ 11ਵੀਂ ਜਮਾਤ ਵਿੱਚ ਪੜ੍ਹ ਰਿਹਾ ਹੈ ਅਤੇ ਸਬੰਧਤ ਸਕੂਲ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਮਾਨਤਾ ਪ੍ਰਾਪਤ ਹੈ।

3.0 ਜਿਹੜੇ ਵਿਦਿਆਰਥੀਆਂ ਨੂੰ ਸੀਟ ਅਲਾਟ ਹੋ ਜਾਂਦੀ ਹੈ, ਉਨ੍ਹਾਂ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਮਿਤੀ 18.10.2023 (ਬੁੱਧਵਾਰ) ਸਵੇਰੇ 9.00 ਵਜੇ ਤੱਕ ਹਰ ਹਾਲਤ ਵਿੱਚ ਆਪਣੇ ਅਲਾਟ ਹੋਏ ਸਕੂਲਾਂ ਵਿੱਚ ਰਿਪੋਰਟ ਕਰਨ। ਜੇਕਰ ਉਨ੍ਹਾਂ ਵੱਲੋਂ ਮਿਤੀ 18.10.2023 ਤੱਕ ਅਲਾਟ ਕੀਤੇ ਸਕੂਲ ਵਿੱਚ

ਰਿਪੋਰਟ ਨਹੀਂ ਕੀਤਾ ਜਾਂਦਾ .ਤਾਂ ਇਹ ਸਮਝ ਲਿਆ ਜਾਵੇਗਾ ਕਿ ਸਬੰਧਤ ਵਿਦਿਆਰਥੀ ਮੈਰੀਟੋਰੀਅਸ ਸਕੂਲ ਵਿੱਚ ਦਾਖਲਾ ਨਹੀਂ ਲੈਣਾ ਚਾਹੁੰਦਾ ਅਤੇ ਉਸ ਨੂੰ ਅਲਾਟ ਹੋਈ ਸੀਟ ਨੂੰ ਖਾਲੀ ਸਮਝ ਲਿਆ ਜਾਵੇਗਾ ਅਤੇ ਉਸ ਵਿਦਿਆਰਥੀ ਦਾ ਮੈਰੀਟੋਰੀਅਸ ਸਕੂਲ ਵਿੱਚ ਦਾਖਲੇ ਲਈ ਕਲੇਮ ਖਤਮ ਹੋ ਜਾਵੇਗਾ।

ਪ੍ਰੋਜੈਕਟ ਡਾਇਰੈਕਟਰ
ਮੈਰੀਟੋਰੀਅਸ ਸੁਸਾਇਟੀ, ਪੰਜਾਬ